Roll No. : ......................................

Total No. of Questions : **12** ]  [ Total No. of Printed Pages : **4**

# SA–306

## B.A. (Part-III) Suppl. Examination, 2021
## PUNJABI

Paper - I

*Time : 1½ Hours* ]  [ *Maximum Marks : **100***

**Section–A** **(Marks : 2 × 10 = 20)**

***Note*** :– Answer all *ten* questions (Answer limit **50** words). Each question carries **2** marks.

**(खण्ड–अ)** **(अंक : 2 × 10 = 20)**

**नोट** :– सभी **दस** प्रश्नों के उत्तर दीजिए (उत्तर-सीमा **50** शब्द)। प्रत्येक प्रश्न **2** अंक का है।

**Section–B** **(Marks : 8 × 5 = 40)**

***Note*** :– Answer any *five* questions out of seven (Answer limit **200** words) Each question carries **8** marks.

**(खण्ड–ब)** **(अंक : 8 × 5 = 40)**

**नोट** :– सात में से किन्हीं **पाँच** प्रश्नों के उत्तर दीजिए (उत्तर-सीमा **200** शब्द)। प्रत्येक प्रश्न **8** अंक का है।

**Section–C** **(Marks : 20 × 2 = 40)**

***Note*** :– Answer any *two* questions out of four (Answer limit **500** words). Each question carries **20** marks.

**(खण्ड–स)** **(अंक : 20 × 2 = 40)**

**नोट** :– चार में से किन्हीं **दो** प्रश्नों के उत्तर दीजिए (उत्तर-सीमा **500** शब्द)। प्रत्येक प्रश्न **20** अंक का है।

## ਭਾਗ–ੳ

1. ਹੇਠ ਲਿਖੇ ਸਾਰੇ ਪ੍ਰਸ਼ਨ ਹੱਲ ਕਰੋ। ਪ੍ਰਸ਼ਨ ਦਾ ਉੱਤਰ ਲਗਭਗ 50 ਸ਼ਬਦਾਂ ਵਿੱਚ ਦਿਉ। ਹਰੇਕ ਪ੍ਰਸ਼ਨ ਦੋ ਅੰਕ ਦਾ ਹੈ।

   (i) 'ਨਵੇਂ ਦਿਸਹੱਦੇ' ਪੁਸਤਕ ਵਿੱਚ ਦਰਜ ਕਵਿਤਾ 'ਪਿੰਜਰੇ ਪਿਆ ਪੰਛੀ' ਵਿਚ ਕਵੀ ਕੀ ਸੰਦੇਸ਼ ਦਿੰਦਾ ਹੈ ?

   (ii) ਪ੍ਰੋ. ਮੋਹਨ ਸਿੰਘ ਦੀਆਂ ਕੋਈ 4 ਰਚਨਾਵਾਂ ਦੇ ਨਾਂ ਲਿਖੋ ?

   (iii) 'ਨਵੇਂ ਦਿਸਹੱਦੇ' ਪੁਸਤਕ ਵਿੱਚ ਦਰਜ ਕਵਿਤਾ 'ਖ਼ਤਾਂ ਦੀ ਉਡੀਕ' ਵਿੱਚ ਕਵੀ ਕਿਸ ਦੀ ਉਡੀਕ ਦਾ ਵਰਨਣ ਕਰਦਾ ਹੈ ?

   (iv) 'ਕੰਡਿਆਲੀ ਥ੍ਹੋਰ' ਕਵਿਤਾ ਦੇ ਕਵੀ ਦਾ ਨਾਮ ਲਿਖੋ ?

   (v) 'ਵਰ-ਘਰ' ਨਾਟਕ ਦੇ ਮੁੱਖ ਪਾਤਰਾਂ ਦੇ ਨਾਮ ਲਿਖੋ ?

   (vi) 'ਵਰ-ਘਰ' ਨਾਟਕ ਵਿੱਚ ਭਗਤ ਗਣੇਸ਼ੀ ਲਾਲ ਕੀ ਕੰਮ ਕਰਦਾ ਹੈ ?

   (vii) ਲਿੱਲੀ ਦਾ ਰਿਸ਼ਤਾ ਕਿਸ ਨਾਲ ਕੀਤਾ ਜਾਂਦਾ ਹੈ ?

   (viii) ਰਾਏ ਸਾਹਿਬ ਲਿੱਲੀ ਲਈ ਕਿਹੋ ਜਿਹਾ ਵਰ ਚਾਹੁੰਦੇ ਹਨ ?

   (ix) ਪੰਜਾਬ ਦੇ ਮੁੱਖ ਤਿਉਹਾਰ ਕਿਹੜੇ-ਕਿਹੜੇ ਹਨ ?

   (x) 'ਪਿੰਡ ਦੀਆਂ ਰੌਣਕਾਂ' ਨਿਬੰਧ ਵਿੱਚ ਲੇਖਕ ਨੇ ਕਿਹੜੇ ਪਿੰਡ ਦਾ ਜਿਕਰ ਕੀਤਾ ਹੈ ?

## ਭਾਗ–ਅ

ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਲਗਭਗ 200 ਸ਼ਬਦਾਂ ਵਿੱਚ ਲਿਖੋ। ਹਰੇਕ ਪ੍ਰਸ਼ਨ 8 ਅੰਕਾਂ ਦਾ ਹੈ।

2. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   ''ਪੱਕ ਗਣੀਆਂ ਕਣਕਾਂ, ਝੁਕਾਠ ਰਸਿਆ,<br>
   ਬੂਰ ਪਿਆ ਅੰਬਾ ਨੂੰ, ਗੁਲਾਬ ਹੱਸਿਆ।<br>
   ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ,<br>
   ਬੇਰੀਆਂ ਲਿਫਾਈਆ, ਟਾਹਣੀਆਂ ਦੇ ਭਾਰ ਨੇ।''

3. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

''ਇਹ ਵੀ ਸ਼ਾਇਦ ਮੇਰਾ ਵਹਿਮ ਹੈ,
ਕੋਈ ਦੀਆ ਜਗੇਗਾ ਮੇਰੀ ਕਬਰ ਤੇ।
ਜੋ ਹਵਾ ਇਹ ਰਹੀ ਕਬਰਾਂ ਉੱਤੇ ਤਾਂ ਕੀ,
ਸਭ ਘਰਾਂ 'ਚ ਵੀ ਦੀਵੇ ਬੁੱਝੇ ਰਹਿਣਗੇ।''

4. ਹੇਠ ਲਿਖੇ ਵਾਰਤਕ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ ?

'ਨਾ ਭਾਈ ਨਾ, ਸਾਡਾ ਇਹ ਅਕੀਦਾ ਨਹੀਂ। ਆਦਮੀ ਉਹੋ ਹੀ ਏ, ਜੋ ਆਪਣੀ ਹਿੰਮਤ ਨਾਲ ਕੁਝ ਕਰ ਕੇ ਦਿਖਾਵੇ। ਚਾਂਸ-ਵਾਂਸ ਤੇ ਭਰੋਸਾ ਹੀ ਨਾ ਰੱਖੇ, ਆਪਣੀਆਂ ਲੱਤਾਂ ਤੇ ਖੜ੍ਹਾ ਹੋਵੇ।'

5. ਹੇਠ ਲਿਖੇ ਵਾਰਤਕ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

'ਖਸਮਾਂ ਨੂੰ ਖਾ ਗਿਆ ਇਮਤਿਹਾਨ ਤੇ ਚੁੱਲ੍ਹੇ ਵਿੱਚ ਪਈਆਂ ਪੜ੍ਹਾਈਆਂ ਤੇ ਗਰਕ ਹੋ ਗਈ ਵਲੈਤ ਤੇ ਨਾਲੇ ਵਲੈਤ ਵਾਲੇ। ਮੈਂ ਤੈਨੂੰ ਜੰਮਿਆ ਏ, ਕਿ ਤੂੰ ਮੈਨੂੰ ਜੰਮਿਆ ਹੈ।'

6. ਬੇਬੇ ਦੇ ਪਾਤਰ ਦੀ ਉਸਾਰੀ ਕਰੋ ?

7. ਪੰਜਾਬ ਦੇ ਲੋਕ-ਗੀਤਾਂ ਬਾਰੇ ਸੰਖੇਪ ਜਾਣਕਾਰੀ ਦਿਉ।

8. 'ਰੀਝਾਂ ਤੇ ਰਮਜ਼ਾਂ' ਪੁਸਤਕ ਦੇ ਆਧਾਰ ਤੇ ਪੂਰਨ ਤੇ ਰਸਾਲੂ ਬਾਰੇ ਸੰਖੇਪ ਵਿਚ ਚਰਚਾ ਕਰੋ।

## ਭਾਗ–ੲ

ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦਾ ਉੱਤਰ 500 ਲਗਭਗ ਸ਼ਬਦਾਂ ਵਿੱਚ ਲਿਖੋ।
ਹਰੇਕ ਪ੍ਰਸ਼ਨ 20 ਅੰਕ ਦਾ ਹੈ।

9. ਹੇਠ ਲਿਖੀਆਂ ਕਵਿਤਾਵਾਂ ਨੂੰ ਦੱਸੇ ਅਨੁਸਾਰ ਕਰੋ।

   ''ਤਾਜ-ਮਹਲ'' (ਕਵਿਤਾ ਦਾ ਸਾਰ)

   ''ਪੰਜਾਬੀ ਦਾ ਸੁਪਨਾ'' (ਵਿਸ਼ਾ–ਵਸਤੂ)

10. 'ਗੰਗਾ–ਅਸ਼ਨਾਨ' ਨਿਬੰਧ ਦਾ ਸਾਰ ਲਿਖੋ।

11. 'ਵਰ-ਘਰ' ਨਾਟਕ ਦਾ ਵਿਸ਼ਾ–ਵਸਤੂ ਵਿਸਥਾਰ ਸਹਿਤ ਬਿਆਨ ਕਰੋ।

12. 'ਵਰ-ਘਰ' ਨਾਟਕ ਦੀ ਮੁੱਖ-ਨਾਇਕਾ ਕੌਣ ਹੈ? ਉਸ ਤੇ ਪਾਤਰ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ।